# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ (SCERT),ਪੰਜਾਬ

ਬਲਾਕ-ਈ, ਛੇਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪ, ਫੇਜ਼-8,
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੁਹਾਲੀ), ਫੋਨ ਨੰਬਰ:-0172-2212221

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੰ)
ਸਮੂਹ 'ਸਕੂਲ ਆਫ ਐਮੀਨੈਂਸ' (SOE) ਸਕੂਲ ਮੁੱਖੀ
ਪੰਜਾਬ।

ਮੀਮੋ ਨੰ:- SCERT-EXAM0GENL/30/2024-SDP-SCERT /807718 / 58-5P
ਮਿਤੀ: ਐਸ.ਏ.ਐਸ.ਨਗਰ, 22 -01-2025

**ਵਿਸ਼ਾ:- ਸਾਲ 2025-26 ਲਈ 'ਸਕੂਲ ਆਫ ਐਮੀਨੈਂਸ' (SOE) ਅਤੇ Meritorious ਸਕੂਲਾਂ ਵਿੱਚ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਦਾਖਲੇ ਲਈ ਦਾਖਲਾ ਪ੍ਰੀਖਿਆ ਲਈ ਪ੍ਰੀਖਿਆਰਥੀਆਂ ਦੀ ਰਜਿਸਟ੍ਰੇਸ਼ਨ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿੱਚ 8ਵੀਂ ਅਤੇ 10ਵੀਂ ਕਲਾਸਾਂ ਵਿੱਚ ਪੜ੍ਹਦੇ ਪ੍ਰੀਖਿਆਰਥੀਆਂ ਲਈ 'ਸਕੂਲ ਆਫ ਐਮੀਨੈਂਸ' (SOE) **ਅਤੇ Meritorious ਸਕੂਲਾਂ** ਵਿੱਚ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਦਾਖਲਾ ਲੈਣ ਲਈ ਦਾਖਲਾ ਪ੍ਰੀਖਿਆਵਾਂ ਕ੍ਰਮਵਾਰ ਮਿਤੀ 16-03-2025 (ਐਤਵਾਰ) ਅਤੇ ਮਿਤੀ 06-04-2025 (ਐਤਵਾਰ) ਨੂੰ ਲਈਆਂ ਜਾ ਰਹੀਆਂ ਹਨ।

2.0 ਇਹਨਾਂ ਦਾਖਲਾ ਪ੍ਰੀਖਿਆਵਾਂ ਲਈ 9ਵੀਂ ਜਮਾਤ ਵਿੱਚ ਦਾਖਲਾ ਲੈਣ ਲਈ ਪ੍ਰੀਖਿਆਰਥੀਆਂ ਵੱਲੋਂ ਮਿਤੀ 24-01-2025 ਤੋਂ 17-02-2025 ਤੱਕ ਅਤੇ 11ਵੀਂ ਜਮਾਤ ਵਿੱਚ ਦਾਖਲਾ ਲੈਣ ਲਈ ਪ੍ਰੀਖਿਆਰਥੀਆਂ ਵੱਲੋਂ ਮਿਤੀ 24-01-2025 ਤੋਂ 27-02-2025 ਤੱਕ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ।

3.0 ਦਾਖਲਾ ਲੈਣ ਸਬੰਧੀ ਕਰਵਾਈ ਜਾ ਰਹੀ ਪ੍ਰਵੇਸ਼ ਪ੍ਰੀਖਿਆ ਵਿੱਚ ਸ਼ਾਮਿਲ ਹੋਣ ਲਈ ਪ੍ਰੀਖਿਆਰਥੀਆਂ ਵੱਲੋਂ ਵਿਭਾਗ ਦੀ ਵੈੱਬਸਾਈਟ https://schoolofeminence.pseb.ac.in ਤੇ ਰਜਿਸਟ੍ਰੇਸ਼ਨ ਕਰਨੀ ਜਰੂਰੀ ਹੋਵੇਗੀ। ਇਸ ਵੈੱਬਸਾਈਟ ਦਾ ਲਿੰਕ ਸਿੱਖਿਆ ਵਿਭਾਗ ਦੀ ਵੈੱਬ ਸਾਈਟ ssapunjab.org , epunjabschool.gov.in ਅਤੇ ਬੋਰਡ ਦੀ ਵੈੱਬ ਸਾਈਟ pseb.ac.in ਤੇ ਜਾ ਕੇ ਖੋਲ੍ਹਿਆ ਜਾ ਸਕਦਾ ਹੈ।

4.0 https://schoolofeminence.pseb.ac.in ਵੈੱਬ ਸਾਈਟ ਤੇ ਨਿਮਨਲਿਖਤ ਵਿਧੀ ਅਨੁਸਾਰ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ :-

i) ਲੜੀ ਨੰ. 3.0 ਅਨੁਸਾਰ ਵੈੱਬ ਸਾਈਟ ਨੂੰ ਖੋਲ੍ਹਿਆ ਜਾਵੇ।

ii) ਪ੍ਰੀਖਿਆਰਥੀ ਵੱਲੋਂ "Registration" ਬਟਨ ਤੇ ਕਲਿੱਕ ਕੀਤਾ ਜਾਵੇ।

iii) Select Class for Admission ਕਾਲਮ ਅਧੀਨ ਪ੍ਰੀਖਿਆਰਥੀ ਵੱਲੋਂ ਜਿਸ ਜਮਾਤ ਵਿੱਚ ਦਾਖਲਾ ਲੈਣਾ ਹੈ, ਉਹ ਕਲਾਸ ਸਲੈਕਟ ਕੀਤੀ ਜਾਵੇ। Select Current Board ਮੌਜੂਦਾ ਜਮਾਤ (ਭਾਵ 8ਵੀਂ ਜਾਂ 10ਵੀਂ) ਜਿਸ ਬੋਰਡ ਅਧੀਨ ਕੀਤੀ ਜਾ ਰਹੀ ਹੈ, ਉਸਦਾ ਸੂਚੀ ਵਿੱਚੋਂ ਉਪਲਬਧ ਨਾਮ ਜਾਂ Other Board ਸਲੈਕਟ ਕੀਤਾ ਜਾਵੇ। PSEB ਬੋਰਡ ਦੀ ਹੋਣ ਦੀ ਸੂਰਤ ਵਿੱਚ ਮੌਜੂਦਾ ਜਮਾਤ ਦਾ Roll Number ਜਾਂ Student ID ਭਰ ਕੇ fetch ਬਟਨ ਤੇ ਕਲਿੱਕ ਕੀਤਾ ਜਾਵੇ ਅਤੇ ਪ੍ਰੀਖਿਆਰਥੀ ਦਾ ਡਾਟਾ ਬੋਰਡ ਦੀ ਰਜਿਸਟ੍ਰੇਸ਼ਨ ਅਧੀਨ ਉਪਲਬਧ ਡਾਟੇ ਵਿੱਚੋਂ prefilled ਆ ਜਾਵੇਗਾ। PSEB ਬੋਰਡ ਤੋਂ ਇਲਾਵਾ ਬੋਰਡ ਹੋਣ ਦੀ ਸੂਰਤ ਵਿੱਚ UDISE Code ਭਰਕੇ fetch ਬਟਨ ਕਲਿੱਕ ਕੀਤਾ ਜਾਵੇ ਅਤੇ ਸਕੂਲ ਦੀ ਜਾਣਕਾਰੀ prefilled ਆ ਜਾਵੇਗੀ, ਬਾਕੀ ਰਹਿੰਦੇ ਕਾਲਮ ਪ੍ਰੀਖਿਆਰਥੀ ਵੱਲੋਂ ਭਰੇ ਜਾਣਗੇ।

iv) ਬਾਕੀ ਕਾਲਮ ਭਰਨ ਉਪਰੰਤ Register ਬਟਨ ਤੇ ਕਲਿੱਕ ਕੀਤਾ ਜਾਵੇ। ਕਲਿੱਕ ਕਰਨ ਉਪਰੰਤ ਦਰਜ ਮੋਬਾਈਲ ਨੰਬਰ ਅਤੇ ਈ.ਮੇਲ ਤੇ otp ਆਵੇਗਾ। otp ਨੂੰ ਦਰਜ ਕਰਨ ਉਪਰੰਤ ਸਬਮਿਟ ਕੀਤਾ ਜਾਵੇ। ਸਬਮਿਟ ਕਰਨ ਪ੍ਰੀਖਿਆਰਥੀ ਨੂੰ Application Number ਜਾਰੀ ਹੋ ਜਾਵੇਗਾ, ਜਿਸ ਦੀ ਡੀਟੇਲ ਸਕਰੀਨ ਦੇ ਦਿਖਾਈ ਦੇਵੇਗੀ ਅਤੇ SMS/Email ਤੇ ਭੇਜੀ ਜਾਵੇਗੀ। ਇਸ ਜਾਣਕਾਰੀ ਨੂੰ ਆਪਣੇ ਕੋਲ ਸੰਭਾਲ ਕੇ ਰੱਖਿਆ ਜਾਵੇ।

v) ਇਸ ਤੋਂ ਉਪਰੰਤ Application Number ਅਤੇ ਜਨਮ ਮਿਤੀ ਨਾਲ "Login" ਕੀਤਾ ਜਾਵੇ।

vi) "Login" ਕਰਨ ਉਪਰੰਤ ਬਾਕੀ ਰਹਿੰਦੀ ਜਾਣਕਾਰੀ ਜਿਵੇਂ ਪ੍ਰੀਖਿਆਰਥੀ ਦਾ ਪਤਾ, ਫੋਟੋ, ਹਸਤਾਖਰ, ਕੈਟਾਗਿਰੀ ਆਦਿ ਭਰਕੇ "Final Submit" ਕਰਨਾ ਯਕੀਨੀ ਬਣਾਇਆ ਜਾਵੇ।

vii) "Final Submit" ਨਾ ਕਰਨ ਦੀ ਸੂਰਤ ਵਿੱਚ ਪ੍ਰੀਖਿਆਰਥੀ ਦਾ ਫਾਰਮ ਅਧੂਰਾ ਰਹਿ ਜਾਵੇਗਾ ਅਤੇ ਪ੍ਰੀਖਿਆਰਥੀ ਨੂੰ ਰੋਲ ਨੰਬਰ ਜਾਰੀ ਨਹੀਂ ਕੀਤਾ ਜਾ ਸਕੇਗਾ ਅਤੇ ਪ੍ਰੀਖਿਆਰਥੀ ਪ੍ਰੀਖਿਆ ਵਿੱਚ ਬੈਠਣ ਦੇ ਯੋਗ ਨਹੀਂ ਹੋਵੇਗਾ।

viii) "Final Submit" ਕਰਨ ਤੋਂ ਪਹਿਲਾਂ ਭਰੀ ਗਈ ਜਾਣਕਾਰੀ ਨੂੰ ਚੰਗੀ ਤਰ੍ਹਾਂ ਨਾਲ ਚੈੱਕ ਜਰੂਰ ਕਰ ਲਿਆ ਜਾਵੇ।

5.0 ਇਸ ਦਾਖਲਾ ਪ੍ਰੀਖਿਆ ਦੀ ਪੂਰੀ ਜਾਣਕਾਰੀ ਨਾਲ ਨੱਥੀ ਕੀਤੀ ਗਈ ਹੈ ਅਤੇ ਸਰਵ ਸਿੱਖਿਆ ਅਭਿਆਨ ਪੰਜਾਬ ਦੀ ਵੈਬਸਾਈਟ www.ssapunjab.org ਤੇ ਅਪਲੋਡ ਕੀਤੀ ਗਈ ਹੈ।

6.0 ਆਪ ਵੱਲੋਂ ਆਪਣੇ ਜ਼ਿਲ੍ਹੇ ਦੇ SOE ਸਕੂਲਾਂ ਵਿਚ ਦਾਖਲਾ ਲੈਣ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਈ ਜਾਵੇ।

7.0 ਜ਼ਿਲ੍ਹੇ ਦੇ ਸਾਰੇ SOE ਸਕੂਲਾਂ ਵਿਚ ਦਾਖਲਾ ਲੈਣ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਦੀ ਜ਼ਿੰਮੇਵਾਰੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ), ਡਿਪਟੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਸਿੱ) ਅਤੇ ਪ੍ਰਿੰਸੀਪਲ ਸੰਬੰਧਤ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਦੀ ਹੋਵੇਗੀ।

8.0 SOE ਸਕੂਲਾਂ ਵਿਚ ਕਿਸੇ ਇੱਕ ਅਧਿਆਪਕ ਦੀ ਡਿਊਟੀ ਫੀਡਰ ਸਕੂਲਾਂ ਵਿੱਚ ਰਜਿਸਟ੍ਰੇਸ਼ਨ ਸੰਬੰਧੀ ਆ ਰਹੀਆਂ ਮੁਸ਼ਕਿਲਾਂ ਨੂੰ ਹੱਲ ਕਰਨ ਤੇ ਲਗਾਈ ਜਾਵੇ ਅਤੇ ਉਸਦਾ ਸੰਪਰਕ ਨੰਬਰ ਫੀਡਰ ਸਕੂਲਾਂ ਨਾਲ ਸ਼ੇਅਰ ਕੀਤਾ ਜਾਵੇ।

9.0 ਹਰੇਕ ਸਕੂਲ ਦਾ ਸਕੂਲ ਮੁੱਖੀ ਨੋਡਲ ਅਫਸਰ ਹੋਵੇਗਾ, ਸਕੂਲ ਦੇ ਵਿਦਿਆਰਥੀਆਂ ਨੂੰ SOE ਸਕੂਲ ਵਿੱਚ ਦਾਖਲਾ ਲੈਣ ਸਕੂਲ ਦਾ ਕੰਪਿਊਟਰ ਅਧਿਆਪਕ ਵੱਲੋਂ ਰਜਿਸਟਰ ਕੀਤਾ ਜਾਵੇਗਾ। ਜਿਹਨਾਂ ਸਕੂਲਾਂ ਵਿੱਚ ਕੰਪਿਊਟਰ ਅਧਿਆਪਕ ਨਹੀਂ ਹੈ, ਉਹਨਾਂ ਸਕੂਲਾਂ ਵਿੱਚ ਅਜਿਹੇ ਅਧਿਆਪਕ, ਜਿਹੜੇ ਕੰਪਿਊਟਰ ਦੀ ਜਾਣਕਾਰੀ ਰੱਖਦੇ ਹੋਣ, ਦੀ ਡਿਊਟੀ ਵਿਦਿਆਰਥੀਆਂ ਦੀ ਰਜਿਸਟ੍ਰੇਸ਼ਨ ਕਰਨ/ ਰਜਿਸਟ੍ਰੇਸ਼ਨ ਸੰਬੰਧੀ ਗਾਇਡ ਕਰਨ ਲਈ ਲਗਾਈ ਜਾਵੇ।

10.0 ਇੱਕ SOE ਸਕੂਲ ਵਿੱਚ ਦਾਖਲਾ ਲੈਣ ਲਈ ਉਸ ਦੇ ਫੀਡਰ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਪ੍ਰੀਖਿਆਰਥੀ ਵੀ ਰਜਿਸਟ੍ਰੇਸ਼ਨ ਕਰਵਾਈ ਜਾਵੇ।

11.0 ਹਰੇਕ SOE ਸਕੂਲ ਦਾ ਪ੍ਰਿੰਸੀਪਲ ਵੱਲੋਂ ਆਪਣੇ ਸਕੂਲ/ਆਪਣੇ ਨਾਲ ਲੱਗਦੇ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੀਆਂ ਡਿਊਟੀਆਂ ਨਾਲ ਲਗਦੇ ਫੀਡਰ ਸਰਕਾਰੀ, ਅਰਧ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ ਪ੍ਰੀਖਿਆਰਥੀ ਦਾ SOE ਸਕੂਲ ਵਿੱਚ ਦਾਖਲਾ ਕਰਵਾਉਣ/ਲੈਣ ਲਈ ਮਾਪਿਆਂ/ਵਿਦਿਆਰਥੀਆਂ ਨੂੰ SOE ਸਕੂਲਾਂ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ Convince ਕਰਨ ਲਈ ਲਗਾਈਆਂ ਜਾਣ।

12.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈਸਿੰ) ਅਤੇ SOE ਸਕੂਲ ਦਾ ਪ੍ਰਿੰਸੀਪਲ ਵੱਲੋਂ SOE ਸਕੂਲਾਂ ਵਿਚ ਪ੍ਰੀਖਿਆਰਥੀ ਦੇ ਦਾਖਲੇ ਲਈ ਵੱਧ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਲਈ ਆਪਣੇ ਪੱਧਰ ਤੇ ਵੱਖ-ਵੱਖ ਤਰ੍ਹਾਂ ਦੀਆਂ ਯੋਜਨਾਵਾਂ ਬਣਾਈਆਂ ਜਾਣ ਅਤੇ ਹਰੇਕ ਪੱਧਰ ਤੇ Target ਫਿਕਸ ਕੀਤੇ ਜਾਣ।

13.0 ਆਪ ਵੱਲੋਂ ਆਪਣੇ ਜ਼ਿਲ੍ਹੇ ਦੇ SOE ਸਕੂਲਾਂ ਵਿਚ ਪ੍ਰੀਖਿਆਰਥੀ ਦੇ ਦਾਖਲੇ ਲਈ ਸਾਰੇ ਫੀਡਰ ਪ੍ਰਾਈਵੇਟ, ਸਰਕਾਰੀ, ਅਰਧ ਸਰਕਾਰੀ, PSEB, CBSE, ICSE ਜਾਂ ਕਿਸੇ ਹੋਰ ਬੋਰਡ ਨਾਲ affiliated ਸਕੂਲਾਂ ਦੇ 8ਵੀਂ ਅਤੇ 10ਵੀ ਦੇ ਪ੍ਰੀਖਿਆਰਥੀਆਂ ਨੂੰ SOE ਸਕੂਲਾਂ ਵਿੱਚ 9ਵੀ ਅਤੇ 11ਵੀਂ ਕਲਾਸਾਂ ਵਿੱਚ ਦਾਖਲਾ ਲੈਣ ਲਈ ਰਜਿਸਟ੍ਰੇਸ਼ਨ ਕਰਨ ਲਈ ਪ੍ਰੇਰਿਤ ਕੀਤਾ ਜਾਵੇ।

14.0 ਸਾਰੇ ਪ੍ਰਾਈਵੇਟ, ਸਰਕਾਰੀ, ਅਰਧ ਸਰਕਾਰੀ ਆਦਿ ਸਕੂਲਾਂ ਵਿਚ ਪੜ੍ਹਦੇ ਪ੍ਰੀਖਿਆਰਥੀਆਂ ਦੇ ਮਾਪਿਆਂ ਨੂੰ ਵੀ SOE ਸਕੂਲਾਂ ਦੀਆਂ ਵਿਸ਼ੇਸ਼ਤਾਵਾਂ ਦੱਸਦੇ ਹੋਏ, ਇਹਨਾਂ ਸਕੂਲਾਂ ਵਿੱਚ ਆਪਣੇ ਬੱਚਿਆਂ ਦੇ ਦਾਖਲੇ ਕਰਵਾਉਣ ਲਈ ਪ੍ਰੇਰਿਤ ਕੀਤਾ ਜਾਵੇ।

15.0 SOE ਸਕੂਲਾਂ ਵਿੱਚ ਸਾਲ 2024-25 ਦੌਰਾਨ 8ਵੀਂ ਅਤੇ 10ਵੀਂ ਕਲਾਸਾਂ ਵਿਚ ਪੜ੍ਹਦੇ ਪ੍ਰੀਖਿਆਰਥੀ ਸਾਲ 2025-26 ਲਈ 9ਵੀਂ ਅਤੇ 11ਵੀਂ ਕਲਾਸਾਂ ਵਿੱਚ ਦਾਖਲਾ ਲੈਣ ਦੇ ਯੋਗ ਹੋਣਗੇ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ,ਐਸ.ਸੀ.ਈ.ਆਰ.ਟੀ.ਪੰਜਾਬ

ਪਿੱਠ ਅੰਕਣ ਨੰ. ਉਕਤ/ 54-58 ਮਿਤੀ:- ਐਸ.ਏ.ਐਸ. ਨਗਰ, 22-01-2025

ਉਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ,
2. ਪੀ.ਏ. ਟੂ ਸਪੈਸ਼ਲ ਸਕੱਤਰ ਸਕੂਲ ਸਿੱਖਿਆ, ਪੰਜਾਬ,
3. ਪੀ.ਏ. ਟੂ ਡੀ.ਜੀ.ਐਸ.ਈ., ਪੰਜਾਬ,
4. ਪੀ.ਏ. ਟੂ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਪੰਜਾਬ
5. ਪੀ.ਏ. ਟੂ ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਸਿੰ), ਪੰਜਾਬ।

ਸਹਾਇਕ ਡਾਇਰੈਕਟਰ
ਐਸ.ਸੀ.ਈ.ਆਰ.ਟੀ. ਪੰਜਾਬ।